**ਪ੍ਰਸ਼ਨ ਅਤੇ ਉੱਤਰ**
**ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ – ਬੀ.ਸੀ. ਵਿੱਚ ਰਾਈਡ-ਹੇਲਿੰਗ**

**ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ /ਰਾਈਡ ਹੇਲਿੰਗ ਮੂਲ ਜਾਣਕਾਰੀ**

1. *ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾ ਕੀ ਹੈ ?*

   ਟਰਾਂਸਪੋਰਟੇਸ਼ਨ ਨੈੱਟਵਰਕ ਸਰਵਿਸ (ਟੀ ਐੱਨ ਐੱਸ) ਜਿਸਨੂੰ ਆਮ ਤੌਰ ’ਤੇ ਰਾਈਡ ਹੇਲਿੰਗ ਕਿਹਾ ਜਾਂਦਾ ਹੈ ਦਾ ਅਰਥ ਹੈ ਇੱਕ ਸੇਵਾ, ਜਿਸ ਵਿੱਚ ਇੱਕ ਐਪ (ਆਨਲਾਈਨ ਪਲੇਟਫਾਰਮ) ਡਰਾਈਵਰਾਂ ਅਤੇ ਯਾਤਰੀਆਂ ਨੂੰ ਜੋੜਨ ਲਈ ਵਰਤੀ ਜਾਂਦੀ ਹੈ, ਜੋ ਐਪ ਰਾਂਹੀ ਭੁਗਤਾਨ ਕਰਦੇ ਹਨ।

   ਟੀ ਐੱਨ ਐੱਸ ਵਿੱਚ ਕਾਰਪੂਲਿੰਗ ਜਾਂ ਵੈਨਪੂਲਿੰਗ ਸ਼ਾਮਲ ਨਹੀਂ ਹੈ ਜਿਸ ਵਿੱਚ ਦੋਸਤ ਜਾਂ ਇੱਕਠੇ ਕੰਮ ਕਰਨ ਵਾਲੇ ਇੱਕੋ ਥਾਂ ‘ਤੇ ਜਾਣ ਵੇਲੇ ਗੱਡੀ ਅਤੇ ਓਪਰੇਟਿੰਗ ਖਰਚੇ ਜਾਂ ਵਾਹਨਾਂ ਦੇ ਰੱਖ ਰਖਾਓ ਲਈ ਮੁਆਵਜ਼ਾ ਸਾਂਝਾ ਕਰਦੇ ਹਨ।

2. *ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾ ਅਤੇ ਰਾਈਡ-ਹੇਲਿੰਗ ਵਿੱਚ ਕੀ ਅੰਤਰ ਹੈ ?*

   ਇਸ ਵਿੱਚ ਕੋਈ ਅੰਤਰ ਨਹੀਂ ਹੈ। ਬੀ.ਸੀ. ਵਿੱਚ ਪੈਸੇਂਜਰ ਟਰਾਂਸਪੋਰਟੇਸ਼ਨ ਐਕਟ ਦੇ ਤਹਿਤ ਰਾਈਡ ਹੇਲਿੰਗ ਕੰਪਨੀਆਂ ਨੂੰ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਕਿਹਾ ਜਾਂਦਾ ਹੈ।

3. *ਟੈਕਸੀ ਸੇਵਾ ਅਤੇ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾ ਵਿੱਚ ਕੀ ਅੰਤਰ ਹੈ ?*

ਟੈਕਸੀਆਂ ਉਹ ਸਵਾਰੀਆਂ ਸਵੀਕਾਰ ਕਰਦੀਆਂ ਹਨ ਜੋ ਸੜਕਾਂ ’ਤੇ ਹੁੰਦੀਆਂ ਹਨ ਜਾਂ ਫੋਨ, ਵੈਬਸਾਈਟ ਜਾਂ ਐਪ ਦੁਆਰਾ ਬੁੱਕ ਕੀਤੀਆਂ ਜਾਂਦੀਆਂ ਹਨ। ਟੈਕਸੀਆਂ ਨੂੰ ਪੈਸੇਂਜਰ ਟਰਾਂਸਪੋਰਟੇਸ਼ਨ ਬੋਰਡ ਦੇ ਬੋਰਡ ਦੁਆਰਾ ਪ੍ਰਵਾਨਿਤ ਰੇਟ ਚਾਰਜ ਕਰਨਾ ਚਾਹੀਦਾ ਹੈ। ਇਹ ਆਮ ਤੌਰ ’ਤੇ ਮੀਟਰ ਰੇਟ ਹੁੰਦੇ ਹਨ।

ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ (ਟੀ ਐੱਨ ਐੱਸ) ਦਾ ਪ੍ਰਬੰਧ ਅਤੇ ਅਦਾਇਗੀ ਯਾਤਰੀਆਂ ਦੁਆਰਾ ਇੱਕ ਐਪ ਦੁਆਰਾ ਕੀਤੀ ਜਾਂਦੀ ਹੈ। ਟੀ ਐੱਨ ਐੱਸ ਸੜਕਾਂ ਤੋਂ ਸਵਾਰੀਆਂ ਨਹੀਂ ਲੈ ਸਕਦੀ। ਟੀ ਐੱਨ ਐੱਸ ਕੰਪਨੀਆਂ ਨੂੰ ਬੋਰਡ ਦੁਆਰਾ ਨਿਰਧਾਰਤ ਘੱਟੋ-ਘੱਟ ਰੇਟ ਲੈਣਾ ਲਾਜ਼ਮੀ ਹੈ।

4. *ਕੀ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾ ਦੀ ਵਰਤੋਂ ਰਵਾਇਤੀ ਟੈਕਸੀ ਤੋਂ ਸਸਤੀ ਹੈ?*

ਇਹ ਜ਼ਰੂਰੀ ਨਹੀਂ। ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾ ਕੰਪਨੀਆਂ ਲਈ ਐਪ ਦੀਆਂ ਦਰਾਂ ਮੰਗ ਦੇ ਆਧਾਰ ’ਤੇ ਉਤਰਾਅ ਚੜ੍ਹਾਅ ਕਰ ਸਕਦੀਆਂ ਹਨ। ਉੱਚ ਮੰਗ ਦੇ ਸਮੇਂ ਟੀ ਐੱਨ ਐੱਸ ਦੀਆਂ ਦਰਾਂ ਟੈਕਸੀ ਦੀਆਂ ਦਰਾਂ ਨਾਲੋਂ ਵੱਧ ਹੋ ਸਕਦੀਆਂ ਹਨ। ਟੈਕਸੀ ਵਿੱਚ ਉੱਚ ਮੰਗ ਦੇ ਸਮੇਂ (ਪੀਕ ਟਾਈਮ)

ਵਿੱਚ ਰੇਟ ਘਟਾਉਣ ਲਈ ਲਚਕਤਾ ਹੁੰਦੀ ਹੈ। ਜਦੋਂ ਟੀ ਐੱਨ ਐੱਸ ਦੀਆਂ ਦਰਾਂ ਉੱਚੀਆਂ ਹੁੰਦੀਆਂ ਹਨ ਤਾਂ ਤੁਸੀ ਇਹ ਦੇਖਣ ਲਈ ਟੈਕਸੀ ਦੀਆਂ ਦਰਾਂ ਦੀ ਜਾਂਚ ਕਰ ਸਕਦੇ ਹੋ ਕਿ ਕੀ ਇਹ ਸਸਤੀਆਂ ਹਨ।

*5. ਕੀ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਬੀ.ਸੀ. ਵਿੱਚ ਕੰਮ ਕਰ ਸਕਦੀਆਂ ਹਨ ?*

ਹਾਂ, ਸਤੰਬਰ 2019 ਤੋਂ ਉਹ ਕਰ ਸਕਦੀਆਂ ਹਨ। ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ (ਟੀ ਐੱਨ ਐੱਸ) ਦੇ ਸੰਚਾਲਨ ਨੂੰ ਪ੍ਰਵਾਨਗੀ ਦੇਣ ਲਈ ਪੈਸੇਂਜਰ ਟਰਾਂਸਪੋਰਟੇਸ਼ਨ ਐਕਟ ਵਿੱਚ ਹਾਲ ਹੀ ਵਿੱਚ ਸੁਧਾਰ ਕੀਤਾ ਗਿਆ ਹੈ।

3 ਸਤੰਬਰ 2019 ਤੱਕ ਟੀ ਐੱਨ ਐੱਸ ਦੇ ਸੰਚਾਲਨ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀ ਇਸ ਸੇਵਾ ਨੂੰ ਪ੍ਰਦਾਨ ਕਰਨ ਲਈ ਅਰਜ਼ੀ ਦੇ ਸਕਦੇ ਹਨ। ਮਨਜ਼ੂਰ ਹੋਣ ਅਤੇ ਲਾਇਸੈਂਸ ਮਿਲਣ ਦੀ ਸੂਰਤ ਵਿੱਚ ਉਹ ਬੀ.ਸੀ. ਵਿੱਚ ਕੰਮ ਕਰ ਸਕਦੇ ਹਨ।

*6. ਕੀ ਮੈ ਬੀ.ਸੀ. ਵਿੱਚ 4ਸਤੰਬਰ 2019ਨੂੰ ਗੱਡੀ (ਟੀ ਐੱਨ ਐੱਸ) ਮੰਗਵਾ ਸਕਾਂਗਾ?*

ਨਹੀਂ। 3 ਸਤੰਬਰ 2019 ਨੂੰ ਟੀ ਐੱਨ ਐੱਸ ਕੰਪਨੀਆਂ ਟੀ ਐੱਨ ਐੱਸ ਨੂੰ ਚਲਾਉਣ ਲਈ ਅਰਜ਼ੀ ਦੇ ਸਕਦੀਆਂ ਹਨ। *ਪੈਸੇਂਜਰ ਟਰਾਂਸਪੋਰਟੇਸ਼ਨ ਐਕਟ* ਦੀਆਂ ਕੁਝ ਖਾਸ ਜ਼ਰੂਰਤਾਂ ਹੁੰਦੀਆਂ ਹਨ ਜਿਹਨਾਂ ਦੀ ਪਾਲਣਾ ਅਰਜ਼ੀਆਂ ਵਾਸਤੇ ਲਾਜ਼ਮੀ ਹੈ। ਟੀ ਐੱਨ ਐੱਸ ਅਰਜ਼ੀ ਪ੍ਰਕ੍ਰਿਆ ਬਾਰੇ ਜਾਣਕਾਰੀ ਲਈ ਦੇਖੋ

*7. ਟੈਕਸੀ ਸੇਵਾਵਾਂ ਅਤੇ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਵਿੱਚ ਸੂਬੇ ਦੀ ਕੀ ਭੂਮਿਕਾ ਹੈ ?*

ਸੂਬਾਈ ਸਰਕਾਰ ਆਵਾਜਾਈ ਨਿਯਮਾਂ ਦਾ ਸੰਚਾਲਨ ਕਰਨ ਲਈ ਕਾਨੂੰਨ ਅਤੇ ਨੀਤੀਆਂ ਨਿਰਧਾਰਤ ਕਰਦੀ ਹੈ।

ਇੱਕ ਸੁਤੰਤਰ ਟ੍ਰਿਬਿਊਨਲ, ਪੈਸੇਂਜਰ ਟਰਾਂਸਪੋਰਟੇਸ਼ਨ ਬੋਰਡ, ਟੈਕਸੀਆਂ, ਲਿਮੋਜ਼ੀਨ ਅਤੇ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ (ਟੀ ਐੱਨ ਐੱਸ) ਦੀਆਂ ਅਰਜ਼ੀਆਂ ’ਤੇ ਫੈਸਲਾ ਲੈਂਦਾ ਹੈ, ਬੋਰਡ ਨੂੰ ਤਿੰਨ ਗੱਲਾਂ ’ਤੇ ਵਿਚਾਰ ਕਰਨ ਦੀ ਲੋੜ ਹੈ, ਭਾਵੇਂ:

1. ਬਿਨੈਕਾਰ ਇੱਕ ਢੁਕਵਾਂ ਅਤੇ ਸਹੀ ਵਿਅਕਤੀ ਹੈ ਅਤੇ ਸੇਵਾ ਪ੍ਰਦਾਨ ਕਰਨ ਦੇ ਸਮਰੱਥ ਹੈ ;
2. ਸੇਵਾ ਦੀ ਜਨਤਕ ਤੌਰ ’ਤੇ ਜ਼ਰੂਰਤ ਹੈ; ਅਤੇ
3. ਅਰਜ਼ੀ ਸੂਬੇ ਵਿੱਚ ਯਾਤਰੀ ਆਵਾਜਾਈ ਦੇ ਕਾਰੋਬਾਰ ਵਿੱਚ ਵਧੀਆ ਆਰਥਿਕ ਸਥਿਤੀਆਂ ਨੂੰ ਉਤਸ਼ਾਹਿਤ ਕਰੇਗੀ।

ਸੂਬਾ ਆਵਾਜਾਈ ਅਤੇ ਬੁਨਿਆਦੀ ਢਾਂਚਾ ਮੰਤਰਾਲੇ ਦੇ ਤਹਿਤ ਪੈਸੇਂਜਰ ਟਰਾਂਸਪੋਰੇਸ਼ਨ ਰਜਿਸਟਰਾਰ ਦੇ ਜਰੀਏ ਲਾਇਸੈਂਸ ਜਾਰੀ ਕਰਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਗੱਡੀਆਂ, ਡਰਾਈਵਰਾਂ ਅਤੇ ਮੁਸਾਫਰਾਂ ਲਈ ਸੁਰੱਖਿਆ ਲਾਜ਼ਮੀ ਹੋਵੇ। ਇਹ ਪਾਲਣਾ ਅਤੇ ਲਾਗੂ ਕਰਨ ਦੀ ਨਿਗਰਾਨੀ ਵੀ ਕਰਦਾ ਹੈ। ਬੀ.ਸੀ. ਵਿੱਚ ਰਾਈਡ ਹੇਲਿੰਗ ਦੇ ਨਿਯਮਾਂ ਬਾਰੇ ਵਧੇਰੇ ਜਾਣਕਾਰੀ ਲਈ ਜਾਓ [ https://www2.gov.bc.ca/gov/content/transportation/vehicle-safety-enforcement/services/passenger-transportation/transportation-network-services]

8. *ਬੀ.ਸੀ. ਵਿੱਚ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਦੀ ਆਗਿਆ ਦਾ ਟੈਕਸੀਆਂ ਲਈ ਕੀ ਮਤਲਬ ਹੈ ?*

ਨਾਗਰਿਕਾਂ ਨੇ ਸੂਬੇ ਨੂੰ ਦੱਸਿਆ ਕਿ ਉਹ ਹੋਰ ਵਿਕਲਪ ਚਾਹੁੰਦੇ ਹਨ। ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਸੁਰੱਖਿਆ ਦੀਆਂ ਜ਼ਰੂਰਤਾਂ ਨੂੰ ਕਾਇਮ ਰੱਖਦੇ ਹੋਏ ਨਾਗਰਿਕਾਂ ਨੂੰ ਆਵਾਜਾਈ ਦੇ ਜ਼ਿਆਦਾ ਵਿਕਲਪ ਦਿੰਦੀਆਂ ਹਨ। ਟੈਕਸੀ ਸੇਵਾਵਾਂ ਸੂਬੇ ਵਿੱਚ ਆਵਾਜਾਈ ਨੈੱਟਵਰਕ ਦਾ ਇੱਕ ਮਹੱਤਵਪੂਰਨ ਹਿੱਸਾ ਬਣੀਆਂ ਰਹਿਣਗੀਆਂ। ਇਸ ਵਿੱਚ ਉਹਨਾਂ ਲੋਕਾਂ ਨੂੰ ਸੇਵਾਵਾਂ ਦੇਣਾ ਵੀ ਸ਼ਾਮਲ ਹੈ ਜਿਹਨਾਂ ਕੋਲ ਐਪ ਨਹੀ ਹੈ ਜਾਂ ਜੋ ਇਸਨੂੰ ਵਰਤਣਾ ਨਹੀਂ ਚਾਹੁੰਦੇ।

## ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਨਿਯਮ

9. *ਇੱਕ ਵਿਅਕਤੀ ਬੀ.ਸੀ. ਵਿੱਚ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਚਲਾਉਣ ਦਾ ਅਧਿਕਾਰ ਕਿਵੇਂ ਪ੍ਰਾਪਤ ਕਰਦਾ ਹੈ ?*

ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ (ਟੀ ਐੱਨ ਐੱਸ) ਨੂੰ ਵਿਸ਼ੇਸ ਅਧਿਕਾਰਾਂ ਵਾਲੇ ਲਾਇਸੈਂਸ ਦੀ ਲੋੜ ਹੁੰਦੀ ਹੈ। ਪੈਸੇਂਜਰ ਟਰਾਂਸਪੋਰਟੇਸ਼ਨ ਬੋਰਡ ਵਿਸ਼ੇਸ ਅਧਿਕਾਰਾਂ ਵਾਲੀਆਂ ਅਰਜ਼ੀਆਂ 'ਤੇ ਫੈਸਲੇ ਲੈਂਦਾ ਹੈ। ਇੱਕ ਵਿਸ਼ੇਸ ਅਧਿਕਾਰ ਪ੍ਰਾਪਤ ਕਰਨ ਅਤੇ ਟੀ ਐੱਨ ਐੱਸ ਲਾਇਸੈਂਸ ਪ੍ਰਾਪਤ ਕਰਨ ਬਾਰੇ ਜਾਣਕਾਰੀ ਲਈ ਜਾਓ [: https://www.ptboard.bc.ca/applications.htm ਅਤੇ https://www.ptboard.bc.ca/applications_basics.htm

*10. ਕੋਈ ਵਿਅਕਤਰੀ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਦਾ ਡਰਾਈਵਰ ਕਿਵੇਂ ਬਣ ਸਕਦਾ ਹੈ?*

ਡਰਾਈਵਰ ਇੱਕ ਲਾਇੰਸੈਂਸਸ਼ੁਦਾ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ (ਟੀ ਐੱਨ ਐੱਸ) ਦੇ ਅਧਿਕਾਰ ਅਧੀਨ ਕੰਮ ਕਰਦੇ ਹਨ। ਡਰਾਈਵਰ ਬਣਨ ਲਈ ਤੁਹਾਨੂੰ ਟੀ ਐੱਨ ਐੱਸ ਕੰਪਨੀ ਵੱਲੋਂ ਭਰਤੀ ਹੋਣਾ ਚਾਹੀਦਾ ਹੈ। ਟੀ ਐੱਨ ਐੱਸ ਡਰਾਈਵਰ ਕੋਲ ਕਲਾਸ 4 ਦਾ ਕਮਰਸ਼ੀਅਲ ਡਰਾਈਵਰ ਲਾਇਸੈਂਸ ਹੋਵੇ, ਕ੍ਰਿਮੀਨਲ ਰਿਕਾਰਡ ਚੈੱਕ (ਅਪਰਾਧਿਕ ਰਿਕਾਰਡ ਜਾਂਚ) ਪੂਰੀ ਹੋਵੇ ਅਤੇ ਇਹ ਯਕੀਨੀ ਹੋਵੇ ਕਿ ਉਹਨਾਂ ਦਾ ਵਾਹਨ ਵਿਸ਼ੇਸ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ।

ਇਹਨਾਂ ਜ਼ਰੂਰਤਾਂ ਦੀ ਵਧੇਰੇ ਜਾਣਕਾਰੀ ਲਈ ਦੇਖੋ:

https://www2.gov.bc.ca/gov/content/transportation/vehicle-safety-enforcement/services/passenger-transportation/transportation-network-services

11. *ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾ ਦੀਆਂ ਡਰਾਈਵਰਾਂ ਲਈ ਕਿਹੜੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ?*

ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾ (ਟੀ ਐੱਨ ਐੱਸ) ਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਡਰਾਈਵਰ ਟੀ ਐੱਨ ਐੱਸ ਲਈ ਡਰਾਈਵਰ ਵਜੋਂ ਕੰਮ ਕਰਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ, ਜਿਸ ਵਿੱਚ ਅਪਰਾਧਿਕ ਰਿਕਾਰਡਾਂ ਦੀ ਜਾਂਚ ਦੀ ਨਿਗਰਾਨੀ ਅਤੇ ਤਸਦੀਕ ਕਰਨਾ ਅਤੇ ਇੱਕ ਰਿਕਾਰਡ ਚੈੱਕ ਸਰਟੀਫਿਕੇਟ ਪ੍ਰਦਾਨ ਕਰਨਾ ਚਾਹੀਦਾ ਹੈ, ਜੋ ਟੀ ਐੱਨ ਐੱਸ ਪਲੇਟਫਾਰਮ 'ਤੇ ਪ੍ਰੱਤਖ ਰੂਪ ਵਿੱਚ ਪ੍ਰਦਰਸ਼ਿਤ ਹੋਣਾ ਚਾਹੀਦਾ ਹੈ। ਡਰਾਈਵਰਾਂ ਕੋਲ ਕਲਾਸ 4 ਦਾ ਡਰਾਈਵਰ ਲਾਇਸੈਂਸ ਲਾਜ਼ਮੀ ਹੋਣਾ ਚਾਹੀਦਾ ਹੈ ਅਤੇ ਟੀ ਐੱਨ ਐੱਸ ਲਈ ਵਰਤਿਆ ਜਾਣ ਵਾਲਾ ਉਹਨਾਂ ਦੀ ਗੱਡੀ 10 ਸਾਲ ਤੋਂ ਪੁਰਾਣਾ ਨਾ ਹੋਵੇ।

12. *ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾ ਵਿੱਚ ਨਿਯਮਾਂ ਦੀ ਪਾਲਣਾ ਨੂੰ ਲਾਗੂ ਕਰਨਾ ਯਕੀਨੀ ਬਣਾਉਣ ਲਈ ਕੀ ਮਾਪਦੰਡ ਹਨ ?*

ਟੀ ਐੱਨ ਐੱਸ ਜੋ ਐਕਟ, ਨਿਯਮਾਂ ਅਤੇ ਲਾਇਸੈਂਸ ਦੇ ਨਿਯਮ ਅਤੇ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ, ਨੂੰ ਪ੍ਰਤੀ ਦਿਨ ਪ੍ਰਤੀ ਗੁਨਾਹ ਲਈ $50,000 ਤੱਕ ਦਾ ਪ੍ਰਬੰਧਕੀ ਜੁਰਮਾਨਾ ਹੋ ਸਕਦਾ ਹੈ ਜਾਂ ਲਾਇਸੈਂਸ ਮੁਅਤੱਲ ਜਾਂ ਰੱਦ ਵੀ ਹੋ ਸਕਦਾ ਹੈ।

ਬਿਨ੍ਹਾਂ ਲਾਇਸੈਂਸਸ਼ੁਦਾ ਟੀ ਐੱਨ ਐੱਸ ਜਾਂ ਡਰਾਈਵਰਾਂ ਨੂੰ ਟੀ ਐੱਨ ਐੱਸ ਲਾਇਸੈਂਸ ਤੋਂ ਬਿਨ੍ਹਾਂ ਕੰਮ ਕਰਨ ਲਈ $100,000 ਤੱਕ ਦਾ ਜੁਰਮਾਨਾ ਹੋ ਸਕਦਾ ਹੈ।

13. *ਟੈਕਸੀਆਂ ਅਤੇ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਦੇ ਯਾਤਰੀਆਂ ਨੂੰ ਚੁੱਕਣ ਦੇ ਖੇਤਰ ਵੱਖ-ਵੱਖ ਕਿਉਂ ਹੁੰਦੇ ਹਨ?*

*ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ* ਕੋਲ ਟੈਕਸੀਆਂ ਤੋਂ ਵੱਡੇ ਓਪਰੇਟਿੰਗ ਖੇਤਰ ਹੁੰਦੇ ਹਨ, ਕਿਉਂਕਿ ਉਹਨਾਂ ਨੂੰ ਆਪਣੇ ਵਪਾਰਕ ਮਾਡਲ ਦੇ ਤਹਿਤ ਇਸਦੀ ਜ਼ਰੂਤਤ ਹੁੰਦੀ ਹੈ।

ਟੈਕਸੀ ਸੰਚਾਲਨ ਖੇਤਰ ਬਹੁਤ ਸਾਲਾਂ ਤੋਂ ਚੱਲ ਰਹੇ ਹਨ, ਪੈਸੈਂਜਰ ਟਰਾਂਸਪੋਰਟੇਸ਼ਨ ਬੋਰਡ ਨੂੰ ਟੈਕਸੀ ਓਪਰੇਟਿੰਗ ਖੇਤਰਾਂ ਨੂੰ ਸੋਧਣ ਲਈ ਡੈਟਾ ਦੀ ਜ਼ਰੂਰਤ ਹੁੰਦੀ ਹੈ। ਇਹਨਾਂ ਕੋਲ ਹੁਣ ਲੋੜੀਂਦੇ ਡੈਟਾ ਨੂੰ ਇੱਕਠਾ ਕਰਨ ਦਾ ਅਧਿਕਾਰ ਹੈ ਅਤੇ ਸਮੇਂ ਦੇ ਨਾਲ ਵਿਸ਼ਲੇਸ਼ਣ ਕੀਤਾ ਜਾਵੇਗਾ।

*ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾ ਦੇ ਸੰਚਾਲਨ ਖੇਤਰ ਹੇਠ ਲਿਖੇ ਅਨੁਸਾਰ ਹਨ:*

| | | |
|---|---|---|
| ਖੇਤਰ 1: (ਲੋਅਰ ਮੇਨਲੈਂਡ, ਵਿਸਲਰ)<br>• ਮੈਟਰੋ ਵੈਨਕੂਵਰ<br>• ਫਰੇਜ਼ਰ ਵੈਲੀ<br>• ਸਕੂਆਮਿਸ਼-ਲਿਲੂਅੱਟ | • ਖੇਤਰ 2(ਕੈਪੀਟਲ)<br>• ਕੈਪੀਟਲ ਰੀਜਨਲ ਡਿਸਟ੍ਰਿਕਟ | ਖੇਤਰ 3 (ਵੈਨਕੂਵਰ ਆਈਲੈਂਡ, ਸੀ ਆਰ ਡੀ ਨੂੰ ਛੱਡ ਕੇ )<br>• ਕਾਊਵਿਚਨ ਵੈਲੀ<br>• ਨਨਾਇਮੋ<br>• ਕੋਮੌਕਸ ਵੈਲੀ<br>• ਐਲਬਰਨੀ-ਕਲੇਓਕੋਟ<br>• ਸਟਰੈਟਕੋਨਾ<br>• ਮਾਊਂਟ. ਵਾਡਿੰਗਟਨ<br>• ਕੋਥਟ (ਪਾਵਲ ਰੀਵਰ) |
| ਖੇਤਰ 4 (ਓਕਾਨਾਗਨ-ਕੂਟਨੀ ਬਾਊਂਡਰੀ-ਕੈਰੀਬੂ )<br>• ਓਕਾਨਾਗਨ-ਸਿਮੀਲਕਮੀਨ<br>• ਸੈਂਟਰਲ ਓਕਾਨਾਗਨ<br>• ਨੌਰਥ ਓਕਾਨਾਗਨ<br>• ਕੌਰਟਨੀ ਬਾਊਂਡਰੀ<br>• ਸ਼ੁਸੁਅੱਪ ਕੈਰੀਬੂ<br>• ਥੋਮਸਨ-ਨਿਕੋਲਾ ਕੋਲੰਬੀਆ | ਖੇਤਰ 5 (ਬੀ ਸੀ ਉੱਤਰੀ ਸੈਂਟਰਲ ਅਤੇ ਬੀ ਸੀ ਦੇ ਹੋਰ ਖੇਤਰ)<br>• ਫਰੇਜ਼ਰ-ਫੋਰਟ ਜੋਰਜ<br>• ਬਲਕੀ ਨਚਾਕੂ<br>• ਕਿਟੀਮੈਟ-ਸਟੀਕੀਨ<br>• ਪੀਸ ਰੀਵਰ<br>• ਨੌਰਦਰਨ ਰੌਕੀਜ਼<br>• ਨੌਰਥ ਕੋਸਟ<br>• ਆਈਲੈਂਡ ਟਰੱਸਟ<br>• ਸਨਸਾਈਨ ਕੋਸਟ | |

ਵੈਨਕੂਵਰ ਵਿੱਚ ਕੰਮ ਕਰ ਰਹੀਆਂ ਟੀ ਐੱਨ ਐੱਸ ਕੰਪਨੀਆਂ ਨੂੰ ਕਰੂਜ਼ ਸ਼ਿੱਪ ਦੇ ਦਿਨਾਂ ਵਿੱਚ ਕੈਨੇਡਾ ਪਲੇਸ ਦੇ ਆਸ ਪਾਸ ਤੋਂ ਯਾਤਰੀਆਂ ਨੂੰ ਚੁੱਕਣ ’ਤੇ ਪਾਬੰਦੀ ਹੋਵੇਗੀ। ਇਹ ਇੱਕ ਸੁਰੱਖਿਆ ਉਪਾਅ ਹੈ ਇਹ ਯਕੀਨੀ ਬਣਾਉਣ ਲਈ ਕਿ ਟਰੈਫਿਕ ਸਹੀ ਚੱਲਦਾ ਰਹੇ ਅਤੇ ਪੈਦਲ ਯਾਤਰੀ ਸੁਰੱਖਿਅਤ ਢੰਗ ਨਾਲ ਚਲ ਸਕਣ। ਇਸ ਜੀਓ ਫੈਨਸਿੰਗ (ਹੱਦਬੰਦੀ) ਨਾਲ ਕੋਲ ਹਾਰਬਰ ਪ੍ਰਭਾਵਿਤ ਨਹੀਂ ਹੋਵੇਗਾ।

*14. ਐਪ ਦੀਆਂ ਦਰਾਂ ਕਿਵੇਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ?*

ਪੈਸੇਂਜਰ ਟਰਾਂਸਪੋਰਟੇਸ਼ਨ ਬੋਰਡ ਘੱਟੋ ਘੱਟ ਰੇਟ ਤੈਅ ਕਰੇਗਾ, ਜੋ ਇੱਕ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾ ਨੂੰ ਓਪਰੇਟਿੰਗ ਖੇਤਰ ਵਿੱਚ ਟੈਕਸੀ ਫਲੈਗ ਰੇਟਾਂ ਦੇ ਆਧਾਰ ’ਤੇ ਵਸੂਲ ਕਰਨੇ ਚਾਹੀਦੇ ਹਨ। ਰੇਟਾਂ ’ਤੇ ਕੋਈ ਉੱਪਰਲੀ ਸੀਮਾ ਨਹੀਂ ਹੈ।

ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਘੱਟੋ ਘੱਟ ਰੇਟ ਤੋਂ ਘੱਟ ਲੈਣ ਲਈ ਕੂਪਨ ਜਾਂ ਛੋਟ ਦੀ ਵਰਤੋਂ ਨਹੀਂ ਕਰ ਸਕਦੀਆਂ।

*15. ਵੱਧ ਤੋਂ ਵੱਧ ਮੁੱਲ ਨਿਰਧਾਰਤ ਕਰਨ ਦੀਆਂ ਕੋਈ ਸੀਮਾਵਾਂ ਕਿਉਂ ਨਹੀਂ ਹਨ / ਵਾਧਾ (ਸਰਜ) ਕੀਮਤ ਰੋਕਣ ਲਈ ਕੁਝ ਕਿਉਂ ਨਹੀਂ ਕੀਤਾ ਗਿਆ ?*

"ਵਾਧੇ"(ਸਰਜ) ਦੀ ਆਗਿਆ ਦੇਣਾ ਪੂਰਤੀ ਦੀ ਮੰਗ ਨੂੰ ਪੂਰਾ ਕਰਨ ਵਿੱਚ ਵਾਧਾ ਕਰਦਾ ਹੈ। ਟੀ ਐੱਨ ਐੱਸ ਵਿੱਚ ਗਾਹਕਾਂ ਨੂੰ ਯਾਤਰਾ ਦੀ ਕੀਮਤ ਦਾ ਅਨੁਮਾਨ ਜਾਂ ਲਾਗਤ ਸਵਾਰੀ ਸਵੀਕਾਰ ਕਰਨ ਤੋਂ ਪਹਿਲਾਂ ਹੀ ਦੱਸ ਦਿੱਤਾ ਜਾਵੇਗਾ। ਗਾਹਕਾਂ ਨੂੰ ਆਪਣੀ ਖੋਜ ਕਰਨੀ ਚਾਹੀਦੀ ਹੈ ਅਤੇ ਇੱਕ ਸਹੀ ਫੈਸਲਾ ਲੈਣਾ ਚਾਹੀਦਾ ਹੈ। ਜਦੋਂ ਐਪ ਦੀਆਂ ਦਰਾਂ ਉੱਚੀਆਂ ਹੁੰਦੀਆਂ ਹਨ ਤਾਂ ਗਾਹਕ ਇਹ ਦੇਖਣ ਲਈ ਸੜਕਾਂ ਤੇ ਚੱਲਣ ਵਾਲੀਆਂ ਟੈਕਸੀਆਂ ਦੀ ਵਰਤੋਂ ਕਰ ਸਕਦੇ ਹਨ ਜਾਂ ਟੈਕਸੀ ਰੇਟਾਂ ਦੀ ਜਾਂਚ ਕਰਨ ਬਾਰੇ ਵਿਚਾਰ ਕਰ ਸਕਦੇ ਹਨ ਕਿ ਕੀ ਇਹ ਸਸਤੇ ਹਨ।

*16. ਕੀ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਲਈ ਵੀਲ੍ਹਚੇਅਰ ਵਾਲੀਆਂ ਗੱਡੀਆਂ ਪ੍ਰਦਾਨ ਕਰਨਾ ਜ਼ਰੂਰੀ ਹੋਵੇਗਾ ?*

ਨਹੀਂ। ਪਰ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾਵਾਂ ਵੀਲ੍ਹਚੇਅਰ ਦੇ ਪਹੁੰਚਯੋਗ ਵਾਹਨਾਂ ਨੂੰ ਆਪਣੀਆਂ ਸੇਵਾਵਾਂ ਦੇ ਹਿੱਸੇ ਵਜੋਂ ਪੇਸ਼ ਕਰ ਸਕਦੀਆਂ ਹਨ। ਕੁਝ ਐਪਸ ਦੂਜੀਆਂ ਪਹੁੰਚਯੋਗ ਸੇਵਾਵਾਂ (ਜਿਵੇਂ ਸੁਣਨ ਜਾਂ ਦੇਖਣ ਵਿੱਚ ਕਮਜ਼ੋਰੀ ਵਾਲੇ ਵਿਅਕਤੀਆਂ ਲਈ ਸੇਵਾਵਾਂ) ਦੀ ਪੇਸ਼ਕਸ਼ ਕਰ ਸਕਦੀਆਂ ਹਨ।

ਬਹੁਤ ਸਾਰੀਆ ਟੈਕਸੀ ਸੇਵਾਵਾਂ ਵੀਲ੍ਹਚੇਅਰ ਪਹੁੰਚਯੋਗ ਸੇਵਾਵਾਂ ਦੀ ਪੇਸ਼ਕਸ਼ ਕਰਦੀਆਂ ਹਨ।

ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾ ਦੇ ਅਧੀਨ ਚੱਲਣ ਵਾਲੇ ਗੈਰ ਪਹੁੰਚਯੋਗ ਵਾਹਨਾਂ ਵਿੱਚ ਸਾਰੇ ਯਾਤਰੀਆਂ ਲਈ ਸਰਕਾਰ ਨੇ $0.30 ਪ੍ਰਤੀ ਟਰਿੱਪ ਫੀਸ ਸਥਾਪਤ ਕੀਤੀ ਹੈ।

*17. ਪਹਿਲੀ ਵਾਰ ਟਰਾਂਸਪੋਰਟੇਸ਼ਨ ਨੈੱਟਵਰਕ ਸੇਵਾ ਦੀ ਵਰਤੋਂ ਕਰਨ ਵਾਲਿਆਂ ਲਈ ਕੀ ਸੁਝਾਅ ਹਨ?*

ਜਦੋਂ ਤੁਸੀ ਐਪ 'ਤੇ ਸਵਾਰੀ ਬੁੱਕ ਕਰਦੇ ਹੋ ਤਾਂ ਇਹ ਤੁਹਾਨੂੰ ਦੱਸੇਗੀ ਕਿ ਤੁਹਾਨੂੰ ਕਿਹੜੀ ਗੱਡੀ ਲੈਣ ਆ ਰਹੀ ਹੈ ਅਤੇ ਡਰਾਈਵਰ ਕੌਣ ਹੋਵੇਗਾ। ਇਹ ਯਕੀਨੀ ਬਣਾਉਣ ਲਈ ਚੈੱਕ ਕਰੋ ਕਿ ਤੁਸੀਂ ਉਸੇ ਗੱਡੀ ਵਿੱਚ ਚੜ੍ਹ ਰਹੇ ਹੋ (ਇਹ ਦੇਖੋ ਕਿ ਲਾਇਸੈਂਸ ਮੇਲ ਖਾਂਦਾ ਹੈ) ਅਤੇ ਡਰਾਈਵਰ ਉਹੀ ਹੈ ਜਿਸਦੀ ਫੋਟੋ ਐਪ 'ਤੇ ਹੈ। ਸਵਾਰੀ ਦੇ ਸ਼ੁਰੂ ਅਤੇ ਅੰਤ ਵਿੱਚ ਐਪ 'ਤੇ ਕਿਰਾਏ ਦੀ ਜਾਂਚ ਕਰੋ। ਟੀ ਐੱਨ ਐੱਸ ਐਪ 'ਤੇ ਡਰਾਈਵਰ ਬਾਰੇ ਰੀਵਊ ਪੜ੍ਹੋ ਅਤੇ ਯਾਤਰਾ ਤੋਂ ਬਾਦ ਆਪਣੀ ਰੀਵਿਊ ਦਰਜ ਕਰੋ।

*ਡਰਾਈਵਰ ਅਤੇ ਵਾਹਨ ਦੀ ਸੁਰੱਖਿਆ, ਪਾਲਣਾ ਅਤੇ ਲਾਗੂ ਕਰਨ ਬਾਰੇ ਵਧੇਰੇ ਜਾਣਕਾਰੀ ਲਈ (https://www2.gov.bc.ca/gov/content/transportation/vehicle-safety-enforcement/services/passenger-transportation/transportation-network-services/tns-enforcement)*